# Periodic Test (25 July 2017)

**Class-X**

**Sub: Punjabi**

**(Set - B)**

**Time:** 1 1/2 hrs. **Marks:50**

**(ਭਾਗ-ੳ)**

**ਪਾਠ-ਪੁਸਤਕਾਂ ਤੇ ਅਧਾਰਤ**

**ਪ੍ਰ1. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਜਾਂ ਇੱਕ ਵਾਕ ਵਿੱਚ ਲਿਖੋ। (4×1=4)**

ੳ) ਰਜਨੀ ਦਾ ਘਰ ਸਕੂਲ ਘਰ ਤੋਂ ਕਿੰਨੇ ਕਿਲੋਮੀਟਰ ਦੀ ਦੂਰੀ ਤੇ ਸਥਿਤ ਸੀ?

ਅ) ਈਅਰ ਫੋਨ ਦੀ ਹੱਦ ਤੋਂ ਵੱਧ ਵਰਤੋਂ ਕਰਨ ਨਾਲ ਸਾਡੇ ਸਰੀਰ ਦੇ ਕਿਹੜੇ ਅੰਗ ਨੂੰ ਨੁਕਸਾਨ ਪਹੁੰਚਦਾ ਹੈ?

ੲ) ਗੁਰੂ ਮਹਿਲ ਤੋਂ ਕੀ ਭਾਵ ਹੈ?

ਸ) 'ਏਸ ਸਿੱਖੜੇ ਨੇ ਮੇਰਾ ਧੱਕਾ ਕਿੱਥੋਂ ਸਹਿਣਾ ਏ'? ਇਹ ਸ਼ਬਦ ਕਿਸ ਨੇ ਕਿਸ ਬਾਰੇ ਕਹੇ ਸਨ?

**ਪ੍ਰ2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 35-40 ਸ਼ਬਦਾਂ ਵਿੱਚ ਲਿਖੋ। (6×2=12)**

ੳ) ਚਿੜੀਆ ਘਰ ਦਾ ਅਫ਼ਸਰ ਕਿਸ ਗੱਲ ਲਈ ਹੈਰਾਨ ਹੋਇਆ ਅਤੇ ਉਸਨੇ ਸਾਰਿਆਂ ਨੂੰ ਕੀ ਕਿਹਾ?

ਅ) 'ਈਅਰ ਫੋਨ' ਕਹਾਣੀ ਵਿੱਚ ਹਾਦਸਾ ਵਾਪਰਨ ਦਾ ਮੁੱਖ ਕਾਰਨ ਕੀ ਸੀ?

ੲ) ਬੀਬੀ ਭਾਨੀ ਜੀ ਦਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਾਲਣ-ਪੋਸ਼ਣ ਵਿੱਚ ਕੀ ਯੋਗਦਾਨ ਸੀ?

ਸ) ਮਿਲਖਾ ਸਿੰਘ ਫੌਜ਼ ਵਿੱਚ ਕਦੋਂ ਭਰਤੀ ਹੋਇਆ? ਉਸ ਦੀ ਫੌਜ ਵਿੱਚ ਭਰਤੀ ਦੀ ਵੱਡੀ ਰੁਕਾਵਟ ਕੀ ਸੀ?

ਹ) ਕਿਹੜੀ ਦੌੜ ਜਿੱਤਣ ਪਿੱਛੋਂ ਦੁਨੀਆਂ ਵਿੱਚ ਮਿਲਖਾ ਸਿੰਘ-ਮਿਲਖਾ ਸਿੰਘ ਹੋ ਗਈ ਸੀ?

ਕ) ਰਜਨੀ ਦੀ ਸਹੇਲੀਆਂ ਨੇ ਉਸ ਨੂੰ ਕੀ ਕਿਹਾ ਅਤੇ ਅੱਗੋਂ ਰਜਨੀ ਨੇ ਉਨ੍ਹਾਂ ਨੂੰ ਕੀ ਕਿਹਾ?

**ਪ੍ਰ3. ਹੇਠ ਲਿਖੇ ਪ੍ਰਸ਼ਨ ਦਾ ਉੱਤਰ 100-125 ਸ਼ਬਦਾਂ ਵਿੱਚ ਦਿਓ। (5)**

'ਬੇਬੇ ਰਾਮ ਭਜਨੀ' ਇਕਾਂਗੀ ਦੀ ਮੁੱਖ ਪਾਤਰ 'ਰਾਮ ਭਜਨੀ' ਦੀ ਪਾਤਰ-ਉਸਾਰੀ ਆਪਣੇ ਸ਼ਬਦਾਂ ਵਿੱਚ ਲਿਖੋ।

**ਪ੍ਰ4. ਕਦਰਾਂ-ਕੀਮਤਾਂ ਤੇ ਅਧਾਰਤ (4)**

"ਨਸ਼ੇ ਤੇ ਜੂਏ ਵਰਗੀਆਂ ਸਮਾਜਕ ਬੁਰਾਈਆਂ ਘਰ-ਪਰਿਵਾਰ ਨੂੰ ਤਬਾਹ ਕਰ ਦਿੰਦੀਆਂ ਹਨ।" ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ? ਆਪਣੇ ਵਿਚਾਰ 100-125 ਸ਼ਬਦਾਂ ਵਿੱਚ ਲਿਖੋ।

## ਵਿਆਕਰਨ

**ਪ੍ਰ5. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ। (5)**

ਕੌੜੀ ਵੇਲ ਵਾਂਗ ਵੱਧਣਾ, ਕੁਫ਼ਰ ਤੋਲਣਾ, ਖ਼ੂਨ ਸਫ਼ੈਦ ਹੋ ਜਾਣਾ, ਗੰਢ ਲੈਣਾ, ਖੇਰੂੰ-ਖੇਰੂੰ ਹੋ ਜਾਣਾ

**ਪ੍ਰ6. ਅਗੇਤਰ ਲਗਾ ਕੇ ਦੋ-ਦੋ ਸ਼ਬਦ ਬਣਾਓ :** ਅਪ, ਸਬ **(2)**

**ਪ੍ਰ7. ਪਿਛੇਤਰ ਲਗਾ ਕੇ ਦੋ-ਦੋ ਸ਼ਬਦ ਬਣਾਓ :** ਆਵਟ, ਸਾਜ਼ **(2)**

**ਪ੍ਰ5. ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ। (9)**

ਸਾਊ ਕਿਸ ਨੂੰ ਆਖਦੇ ਹਨ ? ਪੁਰਾਣੇ ਸਮੇਂ ਵਿੱਚ ਸਾਫ਼-ਸੁਥਰੇ ਕਪੜੇ ਅਤੇ ਵੱਡੀ ਪੱਗ ਬੰਨ੍ਹਣ ਵਾਲੇ ਆਦਮੀ ਨੂੰ ਸਾਊ ਕਿਹਾ ਜਾਂਦਾ ਸੀ। ਸਮੇਂ ਦੀ ਚਾਲ ਨਾਲ ਇਸ ਸ਼ਬਦ ਦੇ ਅਰਥ ਵੀ ਬਦਲ ਗਏ ਹਨ। ਅੰਗ੍ਰੇਜ਼ੀ ਦੇ ਇੱਕ ਪ੍ਰਸਿੱਧ ਲੇਖਕ ਨੇ ਸਾਊ ਦੀ ਪਰਿਭਾਸ਼ਾ ਦੇਂਦਿਆਂ ਇਹ ਲਿਖਿਆ ਹੈ ਕਿ ਜੋ ਮਨੁੱਖ ਕਿਸੇ ਦਾ ਦਿਲ ਨਾ ਦੁਖਾਵੇ, ਉਸ ਨੂੰ ਸਾਊ ਕਿਹਾ ਜਾਂਦਾ ਹੈ। ਸਮੇਂ ਦੀ ਪਾਬੰਦੀ ਰੱਖਣਾ ਸਾਊਪੁਣੇ ਦਾ ਇੱਕ ਹੋਰ ਗੁਣ ਹੈ। ਬੋਲਾਂ ਵਿੱਚ ਮਿਠਾਸ ਵੀ ਸਾਊ ਆਦਮੀ ਲਈ ਲਾਜ਼ਮੀ ਹੈ। ਜਿਹੜਾ ਆਦਮੀ ਆਪਣੇ ਆਂਢੀਆਂ-ਗੁਆਂਢੀਆਂ, ਦੋਸਤਾਂ-ਮਿੱਤਰਾਂ ਜਾਂ ਜਾਣ-ਪਛਾਣ ਵਾਲਿਆਂ ਨਾਲ ਕੌੜਾ ਬੋਲਦਾ ਹੈ, ਉਸ ਨੂੰ ਵੀ ਸਾਊ ਨਹੀਂ ਕਿਹਾ ਜਾ ਸਕਦਾ। ਸਾਊ ਆਦਮੀ ਕਿਸੇ-ਨਾ-ਕਿਸੇ ਧਰਮ ਦਾ ਪੱਕਾ ਉਪਾਸ਼ਕ ਹੁੰਦਾ ਹੈ, ਪਰ ਉਹ ਦੂਜੇ ਧਰਮਾਂ ਦੇ ਅਨੁਯਾਈਆਂ ਨੂੰ ਘਿਰਨਾ ਨਹੀਂ ਕਰਦਾ, ਉਨ੍ਹਾਂ ਦੀ ਨਿੰਦਿਆ ਨਹੀਂ ਕਰਦਾ, ਉਨ੍ਹਾਂ ਨੂੰ ਯੋਗ ਆਦਰ-ਸਤਿਕਾਰ ਦੇਂਦਾ ਹੈ। ਕਈ ਆਦਮੀ ਇਹ ਕਹਿੰਦੇ ਹਨ ਕਿ ਉਹ ਸਾਰੇ ਧਰਮਾਂ ਦੇ ਇੱਕੋ ਜਿੰਨੇ ਉਪਾਸ਼ਕ ਹਨ। ਇਸ ਕਿਸਮ ਦੇ ਆਦਮੀਆਂ ਨੂੰ ਸਾਊ ਨਹੀਂ ਕਿਹਾ ਜਾ ਸਕਦਾ, ਕਿਉਂਕਿ ਸਾਊ ਆਦਮੀ ਦਾ ਇੱਕ ਧਰਮ ਜ਼ਰੂਰ ਹੋਣਾ ਚਾਹੀਦਾ ਹੈ। ਸਾਊ ਨੂੰ ਅੰਗ੍ਰੇਜ਼ੀ ਵਿੱਚ ਜੈਂਟਲਮੈਨ ਕਹਿੰਦੇ ਹਨ, ਪਰ ਅੱਜ-ਕੱਲ੍ਹ ਜੈਂਟਲਮੈਨ ਦਾ ਅਰਥ ਸ਼ੁਕੀਨ ਆਦਮੀ ਸਮਝੇ ਜਾਂਦੇ ਹਨ। ਸੁਹਣੇ, ਕੀਮਤੀ, ਸਾਫ਼-ਸੁਥਰੇ ਤੇ ਨਵੀਨਤਮ ਰਿਵਾਜ ਦੀ ਪੁਸ਼ਾਕ ਪਾਉਣ ਵਾਲਾ ਆਦਮੀ ਆਧੁਨਿਕ ਕਾਲ ਵਿੱਚ ਜੈਂਟਲਮੈਨ ਅਖਵਾਉਂਦਾ ਹੈ। ਪਰ ਅਸਲੀ ਜੈਂਟਲਮੈਨ ਸੁੰਦਰ ਕੱਪੜਿਆਂ ਨਾਲ ਨਹੀਂ ਬਣਦਾ, ਸੁੰਦਰ ਗੁਣਾਂ ਨਾਲ ਬਣਦਾ ਹੈ। ਸੰਖੇਪ ਤੌਰ 'ਤੇ ਉਹ ਸੁੰਦਰ ਗੁਣ ਇਹ ਹਨ-ਸਾਫ਼-ਸਾਦਾ ਤੇ ਢੁਕਵੀਂ ਪੁਸ਼ਾਕ, ਬੋਲਾਂ ਵਿੱਚ ਮਿਠਾਸ, ਮਾਫ਼ ਕਰਨ ਦਾ ਗੁਣ, ਲੋੜਵੰਦ ਤੇ ਦੁਖੀ ਦੀ ਸਹਾਇਤਾ, ਨਿਮਰਤਾ, ਨੇਕੀ ਤੇ ਪਿਆਰ ਆਦਿ।

ੳ) ਉਪਰੋਕਤ ਪੈਰੇ ਦਾ ਸਿਰਲੇਖ ਲਿਖੋ। 1

ਅ) ਸਾਊ ਆਦਮੀ ਵਿੱਚ ਕੀ-ਕੀ ਗੁਣ ਹੁੰਦੇ ਹਨ? 2

ੲ) ਸਾਊ ਆਦਮੀ ਦੇ ਧਰਮ ਬਾਰੇ ਕੀ ਵਿਚਾਰ ਹੁੰਦੇ ਹਨ? 2

ਸ) ਆਧੁਨਿਕ ਕਾਲ ਵਿੱਚ ਜੈਂਟਲਮੈਨ ਕਿਸ ਨੂੰ ਆਖਿਆ ਜਾਂਦਾ ਹੈ? 2

ਹ) ਅਸਲ ਵਿੱਚ ਜੈਂਟਲਮੈਨ ਕਿਸ ਨੂੰ ਕਿਹਾ ਜਾਣਾ ਚਾਹੀਦਾ ਹੈ? 2

**ਪ੍ਰ6. ਹੇਠ ਲਿਖੇ ਚਿੱਤਰ ਨੂੰ ਵੇਖ ਕੇ ਆਪਣੇ ਵਿਚਾਰ 50-60 ਸ਼ਬਦਾਂ ਵਿੱਚ ਪ੍ਰਗਟ ਕਰੋ। (7)**



## Periodic Test (25 July 2017)

**Class-X**

**Sub: Punjabi**

**(Set - A)**

**Time:** 1 1/2 hrs. **Marks:50**

**(ਭਾਗ–ੳ)**

**ਪਾਠ–ਪੁਸਤਕਾਂ ਤੇ ਅਧਾਰਤ**

**ਪ੍ਰ1. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਜਾਂ ਇੱਕ ਵਾਕ ਵਿੱਚ ਲਿਖੋ। (4×1=4)**

ੳ) 'ਸੱਪਾਂ ਤੋਂ ਦਵਾਈਆਂ ਵੀ ਬਣਦੀਆਂ ਹਨ' ਇਹ ਸ਼ਬਦ ਕਿਸ ਨੇ ਕਹੇ?

ਅ) ਜ਼ਿਆਦਾ ਸਮਾਂ ਈਅਰਫੋਨ ਲਗਾਉਣ ਨਾਲ ਸਾਡੀ ਕਿਹੜੀ ਸਰੀਰਕ ਸ਼ਕਤੀ ਕਮਜ਼ੋਰ ਹੁੰਦੀ ਹੈ?

ੲ) ਬੀਬੀਭਾਨੀ ਜੀ ਕਦੋਂ ਤੇ ਕਿੱਥੇ ਜੋਤੀ-ਜੋਤ ਸਮਾਏ?

ਸ) 1960 ਈ. ਵਿੱਚ ਮਿਲਖਾ ਸਿੰਘ ਨੇ 400 ਮੀਟਰ ਦੌੜ ਕਿੰਨੇ ਸੈਕਿੰਡ ਵਿੱਚ ਲਾਈ ਸੀ?

**ਪ੍ਰ2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 35-40 ਸ਼ਬਦਾਂ ਵਿੱਚ ਲਿਖੋ। (6×2=12)**

ੳ) ਅਧਿਆਪਕ ਮੋਹਨ ਲਾਲ ਕਿਹੜੀ ਗੱਲ ਤੋਂ ਵਧੇਰੇ ਚਿੰਤਤ ਸੀ?

ਅ) ਕਹਾਣੀ 'ਈਅਰ ਫੋਨ' ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

ੲ) ਬੀਬੀ ਭਾਨੀ ਜੀ ਦੇ ਪਿਤਾ, ਪਤੀ, ਪੁੱਤਰ ਅਤੇ ਪੋਤਰੇ ਦਾ ਕੀ ਨਾਂ ਸੀ? ਕ੍ਰਮਵਾਰ ਦੱਸੋ ਕਿ ਉਹ ਸਿੱਖਾਂ ਦੇ ਕਿਹੜੇ-ਕਿਹੜੇ ਗੁਰੂ ਸਾਹਿਬ ਹਨ?

ਸ) ਮਿਲਖਾ ਸਿੰਘ ਨੂੰ 'ਫਲਾਇੰਗ ਸਿੱਖ' ਦਾ ਖਿਤਾਬ ਕਦੋਂ ਅਤੇ ਕਿਵੇਂ ਮਿਲਿਆ?

ਹ) ਸਕੂਲ ਦੇ ਸਲਾਨਾ ਸਮਾਗਮ ਵਿੱਚ ਕਿਸ ਨੂੰ ਸਨਮਾਨਿਤ ਕੀਤਾ ਗਿਆ ਅਤੇ ਕਿਉਂ? 'ਮੈਂ ਕਿਸੇ ਤੋਂ ਘੱਟ ਨਹੀਂ" ਕਹਾਣੀ ਦੇ ਅਧਾਰ ਤੇ ਉੱਤਰ ਲਿਖੋ।

ਕ) ਕਿਹੜੀ ਦੌੜ ਜਿੱਤਣ ਪਿੱਛੋਂ ਦੁਨੀਆ ਵਿੱਚ ਮਿਲਖਾ ਸਿੰਘ- ਮਿਲਖਾ ਸਿੰਘ ਹੋ ਗਈ ਸੀ?

**ਪ੍ਰ3. ਹੇਠ ਲਿਖੇ ਪ੍ਰਸ਼ਨ ਦਾ ਉੱਤਰ 100-125 ਸ਼ਬਦਾਂ ਵਿੱਚ ਦਿਓ। (5)**

'ਬੇਬੇ ਰਾਮ ਭਜਨੀ' ਇਕਾਂਗੀ ਕਿਸ ਦੀ ਲਿਖੀ ਹੋਈ ਹੈ ਅਤੇ ਇਸ ਇਕਾਂਗੀ ਰਾਹੀਂ ਇਕਾਂਗੀਕਾਰ ਕੀ ਸੁਨੇਹਾ ਦੇਣਾ ਚਾਹੁੰਦਾ ਹੈ?

**ਪ੍ਰ4. ਕਦਰਾਂ-ਕੀਮਤਾਂ ਤੇ ਅਧਾਰਤ** **(4)**

"ਖੇਡਾਂ ਵੀ ਉਨੀਆ ਹੀ ਲਾਜ਼ਮੀ ਹਨ ਜਿੰਨੀ ਪੜ੍ਹਾਈ। ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਬਰਾਬਰ ਦਿਲਚਸਪੀ ਲੈਣੀ ਚਾਹਦੀ ਹੈ।" ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ? ਆਪਣੇ ਵਿਚਾਰ 100-125 ਸ਼ਬਦਾਂ ਵਿੱਚ ਲਿਖੋ।

## ਵਿਆਕਰਨ

**ਪ੍ਰ5. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ।** **(5)**

ਕੰਨ ਘੇਸਲ ਮਾਰਨਾ, ਖਾਰ ਖਾਣੀ, ਗਲ ਪਿਆ ਢੋਲ ਵਜਾਉਣਾ, ਕਰਨੀ ਭਰਨੀ, ਖਾਨਿਓ ਜਾਣੀ

**ਪ੍ਰ6. ਅਗੇਤਰ ਲਗਾ ਕੇ ਦੋ-ਦੋ ਸ਼ਬਦ ਬਣਾਓ :** ਉਪ, ਗੈਰ **(2)**

**ਪ੍ਰ7. ਪਿਛੇਤਰ ਲਗਾ ਕੇ ਦੋ-ਦੋ ਸ਼ਬਦ ਬਣਾਓ :** ਆਹਟ, ਸਾਰ **(2)**

**ਪ੍ਰ5. ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ। (9)**

ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤ ਵਿੱਚ ਰਾਜਸੀ ਪਰਿਵਰਤਨ ਆਇਆ। ਦਿੱਲੀ ਦਾ ਸੁਲਤਾਨ ਇਬਰਾਹੀਮ ਲੋਧੀ ਹਾਰ ਗਿਆ ਅਤੇ ਬਾਬਰ ਦੀਆਂ ਫ਼ੌਜਾਂ ਜਿੱਤ ਗਈਆਂ। ਬਾਬਰ ਦਿੱਲੀ ਦੇ ਤਖ਼ਤ 'ਤੇ ਬੈਠ ਗਿਆ। ਬਾਬਰ ਦੇ ਹਮਲੇ ਵੇਲੇ ਪੰਜਾਬ ਉੱਪਰ ਭਾਰੀ ਕਹਿਰ ਵਰਤਿਆ। ਅਨੇਕਾਂ ਲੋਕ ਮਾਰੇ ਗਏ, ਲੁੱਟ-ਮਾਰ ਹੋਈ, ਅਨੇਕ ਇਸਤਰੀਆਂ ਦੀ ਪੱਤ ਰੋਲ਼ੀ ਗਈ। ਗੁਰੂ ਨਾਨਕ ਦੇਵ ਜੀ ਨੇ ਦੇਸ਼ ਦੀ ਇਸ ਭਿਆਨਕ ਦੁਰਦਸ਼ਾ ਨੂੰ ਦਰਦਮੰਦ ਹਿਰਦੇ ਨਾਲ਼ ਅਨੁਭਵ ਕੀਤਾ। ਉਨ੍ਹਾਂ ਨੇ ਆਪਣੀ ਬਾਣੀ ਵਿੱਚ ਵੀ ਇਸ ਤਬਾਹੀ ਦਾ ਵਰਨਣ ਬਹੁਤ ਕਰੁਣਾਤਮਿਕ ਸ਼ਬਦਾਂ ਵਿੱਚ ਕੀਤਾ ਹੈ। ਆਮ ਤੌਰ 'ਤੇ ਧਾਰਮਕ ਆਗੂ ਜਾਂ ਸਾਧੂ-ਸੰਤ ਕੇਵਲ ਆਤਮਾ-ਪਰਮਾਤਮਾ ਦੀਆਂ ਹੀ ਗੱਲਾਂ ਕਰਦੇ ਹਨ। ਉਨ੍ਹਾਂ ਨੂੰ ਆਪਣੇ ਆਲ਼ੇ-ਦੁਆਲ਼ੇ ਵਾਪਰਦੀਆਂ ਘਟਨਾਵਾਂ ਨਾਲ਼ ਬਹੁਤਾ ਸਰੋਕਾਰ ਨਹੀਂ ਹੁੰਦਾ, ਪਰ ਗੁਰੂ ਨਾਨਕ ਦੇਵ ਜੀ ਅਜਿਹੇ ਮਹਾਂਪੁਰਖ ਨਹੀਂ ਸਨ ਜੋ ਲੋਕਾਂ ਦੇ ਦੁੱਖ-ਦਰਦ ਤੋਂ ਅਭਿੱਜ ਰਹਿੰਦੇ। ਉਨ੍ਹਾਂ ਨੇ ਅਨੁਭਵ ਕਰਾਇਆ ਕਿ ਧਰਮ ਨਿਰੋਲ ਵਿਅਕਤੀਗਤ ਗਿਆਨ-ਧਿਆਨ ਨਹੀਂ; ਧਰਮ ਤਾਂ ਮਨੁੱਖ ਦੇ ਦੁੱਖਾਂ ਤੇ ਪਾਪਾਂ ਨੂੰ ਨਵਿਰਤ ਕਰਨ ਦਾ ਸਾਧਨ ਹੈ। ਜੇ ਇਹ ਦੁੱਖ ਲੱਖਾਂ ਇਨਸਾਨਾਂ ਨੂੰ ਸੰਤਾਪੇ ਤਾਂ ਇਸ ਤੋਂ ਅੱਖਾਂ ਮੀਟਣਾ ਪਾਪ ਹੈ। ਸੋ ਗੁਰੂ ਜੀ ਨੇ ਜ਼ੁਲਮ ਤੇ ਜਬਰ ਵਿਰੁੱਧ ਅਵਾਜ਼ ਉਠਾਈ। ਇਸ ਅੱਤਿਆਚਾਰ ਨੂੰ ਖ਼ੂਨੀ ਸਾਕਾ ਆਖ ਕੇ ਦੇਸ਼ ਦੇ ਲੋਕਾਂ ਨੂੰ ਵੰਗਾਰਿਆ। ਨਾਲ਼ ਹੀ ਉਨ੍ਹਾਂ ਇਹ ਵੀ ਪ੍ਰੇਰਨਾ ਕੀਤੀ ਕਿ ਜਿਹੜੀ ਕੌਮ ਨੇਕੀ ਨੂੰ ਭੁੱਲ ਜਾਂਦੀ ਹੈ, ਉਸ ਦੀ ਦੁਰਦਸ਼ਾ ਹੋਣੀ ਅਵੱਸ਼ਕ ਹੈ। ਸੋ ਨੇਕੀ ਅਤੇ ਭਗਤੀ ਦਾ ਪੱਖ ਹੀ ਹੈ ਜਿਸ ਨਾਲ਼ ਲੋਕ ਸੂਰਮੇ ਤੇ ਯੋਧੇ ਬਣ ਕੇ ਬਾਬਰ ਵਰਗੇ ਜਾਬਰਾਂ ਦਾ ਮੁਕਾਬਲਾ ਕਰ ਸਕਦੇ ਹਨ। ਜੇ ਭਾਰਤ-ਵਾਸੀਆਂ ਨੇ ਇਹ ਗੱਲ ਨਾ ਚਿਤਾਰੀ ਤਾਂ ਮੁੜ ਦੁਖੀ ਹੋਣਗੇ। ਇਸ ਬਾਰੇ ਵੀ ਉਨ੍ਹਾਂ ਨੇ ਆਪਣੀ ਬਾਣੀ ਵਿੱਚ ਚਿਤਾਵਨੀ ਦਿੱਤੀ।

ਅ) ਉਪਰੋਕਤ ਪੈਰੇ ਦਾ ਸਿਰਲੇਖ ਲਿਖੋ। 1

ੲ) ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤ ਦੀ ਰਾਜਸੀ ਹਾਲਤ ਕਿਹੋ ਜਿਹੀ ਸੀ? 2

ਸ) ਬਾਬਰ ਦੇ ਹਮਲੇ ਵੇਲੇ ਪੰਜਾਬ ਨਾਲ ਕੀ ਵਾਪਰਿਆ? 2

ਹ) ਗੁਰੂ ਨਾਨਕ ਦੇਵ ਜੀ ਨੇ ਇਸ ਸਾਰੇ ਕੁਝ ਨੂੰ ਵੇਖ ਕੇ ਕੀ ਕੀਤਾ? 2

ਕ) ਭਾਰਤ-ਵਾਸੀਆਂ ਨੂੰ ਗੁਰੂ ਨਾਨਕ ਦੇਵ ਜੀ ਨੇ ਕੀ ਚਿਤਾਵਨੀ ਦਿੱਤੀ? 2

**ਪ੍ਰ6. ਹੇਠ ਲਿਖੇ ਚਿੱਤਰ ਨੂੰ ਵੇਖ ਕੇ ਆਪਣੇ ਵਿਚਾਰ 50-60 ਸ਼ਬਦਾਂ ਵਿੱਚ ਪ੍ਰਗਟ ਕਰੋ।** **(7)**

